# ਉਨ੍ਹਾਂ ਪਰਵਾਰਾਂ ਲਈ ਮਹੱਤਵਪੂਰਨ ਜਾਣਕਾਰੀ ਜਿਨ੍ਹਾਂ 'ਚ ਸਭ ਬਾਲਗ ਕਮਾਈ ਗਈ ਆਮਦਨੀ ਤੋਂ ਬਿਨਾਂ ਬਜ਼ੁਰਗ ਜਾਂ ਅਸਮਰੱਥ ਹਨ

ਤੁਹਾਨੂੰ ਇਹ ਨੋਟਿਸ ਦਿੱਤਾ ਜਾ ਰਿਹਾ ਹੈ ਕਿਉਂਕਿ ਤੁਹਾਡੇ CalFresh (ਫ਼ੂਡ ਸਟੈਂਪਾਂ) ਪਰਵਾਰ 'ਚ ਸਭ ਬਾਲਗ ਸਦੱਸ ਬਜ਼ੁਰਗ ਹਨ ਜਾਂ ਅਸਮਰੱਥਾ ਫ਼ਾਇਦੇ ਪ੍ਰਾਪਤ ਕਰ ਰਹੇ ਹਨ (ਅਸਮਰੱਥ)।

ਫ਼ਾਇਦਿਆਂ ਲਈ ਮੁੜ-ਪ੍ਰਮਾਣੀਕਰਣ:

ਜਦੋਂ ਤੁਸੀਂ CalFresh ਲਈ ਅਰਜ਼ੀ ਦਿੰਦੇ ਹੋ, ਅਸੀਂ ਸਮੇਂ ਦੀ ਇਕ ਮਿਆਦ ਲਈ ਤੁਹਾਡੀ ਯੋਗਤਾ ਨੂੰ "ਪ੍ਰਮਾਣੀਕ੍ਰਿਤ" ਕਰਦੇ ਹਾਂ। ਤੁਹਾਡਾ ਪ੍ਰਮਾਣੀਕਰਣ ਸਮਾਂ ਸਮਾਪਤ ਹੋਣ ਤੋਂ ਪਹਿਲਾਂ, ਫ਼ਾਇਦੇ ਪ੍ਰਾਪਤ ਕਰਨਾ ਜਾਰੀ ਰੱਖਣ ਲਈ ਤੁਹਾਨੂੰ "ਮੁੜ-ਪ੍ਰਮਾਣੀਕਰਣ" ਕਰਨਾ ਪਵੇਗਾ।

ਤੁਹਾਡੇ ਲਈ ਫ਼ਾਇਦੇ ਪ੍ਰਾਪਤ ਕਰਨਾ ਜਾਰੀ ਰੱਖਣਾ ਸੌਖਾ ਬਣਾਉਣ ਲਈ, ਸਾਨੂੰ ਅਜਿਹੇ ਕਿਸੇ ਪਰਵਾਰ ਦੇ ਇੰਟਰਵਿਊ ਦੀ ਲੋੜ ਨਹੀਂ ਹੈ ਜਿਸ 'ਚ ਸਭ ਬਾਲਗ ਬਜ਼ੁਰਗ ਜਾਂ ਅਸਮਰੱਥ ਹਨ ਅਤੇ ਉਨ੍ਹਾਂ ਦੀ ਕਮਾਈ ਗਈ ਆਮਦਨੀ ਨਹੀਂ ਹੈ (SSI ਅਤੇ ਸਮਾਜਕ ਸੁਰੱਖਿਆ ਕਮਾਈ ਨਹੀਂ ਗਈ ਆਮਦਨੀ ਹਨ)। ਜਦੋਂ ਤਕ ਤੁਸੀਂ ਇਹ ਨਹੀਂ ਚਾਹੁੰਦੇ ਕਿ ਕੋਈ ਇਕ ਜਾਂ ਹੋਰ County Welfare Department (ਕਾਉਂਟੀ ਭਲਾਈ ਮਹਿਕਮਾ) (CWD) ਇਹ ਨਿਰਧਾਰਤ ਕਰੇ ਕਿ ਇੰਟਰਵਿਊ ਜ਼ਰੂਰੀ ਹੈ ਜਾਂ ਨਹੀਂ ਤੁਹਾਡੇ ਪਰਵਾਰ ਨੂੰ ਇੰਟਰਵਿਊ ਪੂਰਾ ਕਰਨ ਦੀ ਲੋੜ ਨਹੀਂ ਹੈ। ਜੇਕਰ ਤੁਹਾਡਾ ਪਰਵਾਰ ਯੋਗਤਾ ਦੀਆਂ ਸਾਰੀਆਂ ਸ਼ਰਤਾਂ ਨੂੰ ਪੂਰਾ ਕਰਦਾ ਹੈ ਤਾਂ ਤੁਹਾਨੂੰ 24 ਮਹੀਨਿਆਂ ਲਈ ਪ੍ਰਮਾਣੀਕ੍ਰਿਤ ਕੀਤਾ ਜਾ ਸਕਦਾ ਹੈ।

ਮੁੜ-ਪ੍ਰਮਾਣੀਕਰਣ ਲਈ ਚਰਣ:

- ਕਿਰਪਾ ਕਰਕੇ Notice of Expiration of Certification (ਪ੍ਰਮਾਣੀਕਰਣ ਦੀ ਸਮਾਪਤੀ ਦਾ ਨੋਟਿਸ) ਪ੍ਰਾਪਤ ਹੋਣ 'ਤੇ ਉਸਨੂੰ ਪੜ੍ਹੋ।
- ਜੇਕਰ ਤੁਸੀਂ ਚਾਹੁੰਦੇ ਹੋ ਕਿ ਤੁਹਾਡਾ ਇੰਟਰਵਿਊ ਲਿਆ ਜਾਵੇ, ਤਾਂ CWD ਨਾਲ ਸੰਪਰਕ ਕਰੋ। ਆਮ ਤੌਰ 'ਤੇ ਇੰਟਰਵਿਊ ਫ਼ੋਨ ਰਾਹੀਂ ਲਏ ਜਾਂਦੇ ਹਨ ਜਦੋਂ ਤਕ ਤੁਸੀਂ ਵਿਅਕਤਕ ਤੌਰ 'ਤੇ ਇੰਟਰਵਿਊ ਪਸੰਦ ਨਹੀਂ ਕਰਦੇ, ਅਤੇ ਜੇਕਰ ਤੁਹਾਨੂੰ ਅਸਮਰੱਥਾ ਕਰਕੇ ਦੂਜੇ ਬੰਦੋਬਸਤ ਕਰਨ ਦੀ ਲੋੜ ਹੈ, ਤਾਂ ਕਿਰਪਾ ਕਰਕੇ ਫ਼ੌਰਨ CWD ਨੂੰ ਕਾਲ ਕਰੋ।
- ਅਰਜੀ ਪੂਰੀ ਭਰੋ, ਉਸ 'ਤੇ ਦਸਤਖ਼ਤ ਕਰ ਕੇ ਮਿਤੀ ਪਾਓ। ਹੋ ਸਕਦਾ ਹੈ ਕਿ ਜਵਾਬ ਨਾ ਦਿੱਤੇ ਗਏ ਸਵਾਲਾਂ ਦੇ ਨਤੀਜੇ ਵਜੋਂ ਇੰਟਰਵਿਊ ਜ਼ਰੂਰੀ ਹੋ ਜਾਵੇ।
- ਤੁਸੀਂ ਈ-ਮੇਲ, ਫ਼ੈਕਸ, ਡਾਕ, ਰਾਹੀਂ ਜਾਂ ਵਿਅਕਤਕ ਤੌਰ 'ਤੇ CWD ਕੋਲ ਅਰਜ਼ੀ ਜਮ੍ਹਾਂ ਕਰਾ ਸਕਦੇ ਹੋ (ਤੁਹਾਡੀ ਪਿਛਲੀ ਰਿਪੋਰਟ ਤੋਂ ਬਾਅਦ ਬਦਲਾਵਾਂ ਦੇ ਸਬੂਤ ਸਮੇਤ) ਤਾਂ ਜੋ **ਪ੍ਰਮਾਣੀਕਰਣ ਮਿਆਦ ਦੇ ਅਖ਼ੀਰਲੇ ਮਹੀਨੇ ਦੀ ਪਹਿਲੀ ਤਾਰੀਖ਼ ਤਕ** ਕਾਉਂਟੀ ਕੋਲ ਸਬੂਤ ਸਮੇਤ ਅਰਜ਼ੀ ਪਹੁੰਚ ਜਾਵੇ। ਤੁਹਾਡਾ ਪ੍ਰਮਾਣੀਕਰਣ ਸਮਾਪਤ ਹੋਣ ਤੋਂ ਪਹਿਲਾਂ ਅਰਜ਼ੀ 'ਤੇ ਕਾਰਵਾਈ ਕਰਨ ਲਈ ਕਾਉਂਟੀ ਨੂੰ ਸਮਾਂ ਦੇਣਾ ਜ਼ਰੂਰੀ ਹੈ।
- ਜੇਕਰ ਤੁਹਾਨੂੰ ਸਬੂਤ ਹਾਸਲ ਕਰਨ 'ਚ ਮਦਦ ਦੀ ਲੋੜ ਹੈ ਤਾਂ ਕਾਉਂਟੀ ਨੂੰ ਫ਼ੌਰਨ ਕਾਲ ਕਰੋ।
- ਜੇਕਰ ਪਿਛਲੀ ਵਾਰ ਜਾਣਕਾਰੀ ਦੇਣ ਤੋਂ ਬਾਅਦ ਕੋਈ ਬਦਲਾਵ ਹੋਏ ਹਨ, ਤਾਂ ਕਿਰਪਾ ਕਰਕੇ ਮਨਜ਼ੂਰੀ ਜਾਂ ਇਨਕਾਰ ਦੇ ਨੋਟਿਸ ਨਾਲ ਤਸਦੀਕ ਜਾਂ ਸਬੂਤ ਦੀਆਂ ਕਾਪੀਆਂ ਕਾਉਂਟੀ ਨੂੰ ਭੇਜੋ; ਉਦਾਹਰਨ ਲਈ,
  - ਡਾਕਟਰੀ ਖ਼ਰਚੇ: ਡਾਕਟਰੀ ਖ਼ਰਚੇਆਂ ਦੀਆਂ ਰਸੀਦਾਂ, ਜਿਵੇਂ, ਨਿਰਧਾਰਤ ਦਵਾਈਆਂ, ਚਸ਼ਮੇ, ਡਾਇਬਿਟਿਕ ਸਮੱਗਰੀ, ਡਾਕਟਰ ਦੇ ਦਫ਼ਤਰ ਜਾਂ ਹਸਪਤਾਲ ਆਉਣ-ਜਾਣ ਦੇ ਖ਼ਰਚੇ ਦੀਆਂ ਰਸੀਦਾਂ, ਇਸਦਾ ਸਬੂਤ ਕਿ ਕੋਈ ਅਸਮਰੱਥ ਵਿਅਕਤੀ ਦੀ ਦੇਖਭਾਲ ਕਰਦਾ/ਕਰਦੀ ਹੈ,ਵਗੈਰਾ।
  - ਕਮਾਈ ਨਹੀਂ ਗਈ ਆਮਦਨੀ: ਕਮਾਈ ਨਹੀਂ ਗਈ ਆਮਦਨੀ ਦਾ ਸਭ ਤੋਂ ਹਾਲ ਦਾ ਸਪੁਰਦਗੀ ਪੱਤਰ ਜਾਂ ਸਿੱਧਾ ਜਮ੍ਹਾਂ ਬਿਓਰਾ (ਉਦਾਹਰਨ ਲਈ SSI ਅਤੇ ਸਮਾਜਕ ਸੁਰੱਖਿਆ) ਜਿਸ 'ਚ ਵਿਆਜ ਤੋਂ ਆਮਦਨੀ ਅਤੇ ਭੁਗਤਾਨਾਂ ਦੀ ਵਾਰਵਾਰਤਾ ਸ਼ਾਮਲ ਹਨ
  - ਰਿਹਾਇਸ਼ ਸਬੰਧੀ ਖ਼ਰਚੇ: ਕਿਰਾਏ ਦੀ ਰਸੀਦ, ਘਰ ਦਾ ਭੁਗਤਾਨ ਜਾਂ ਪੂਰੇ ਪਤੇ ਨਾਲ ਰਿਹਾਇਸ਼ ਦਾ ਸਰਕਾਰੀ ਬਿਓਰਾ, ਅਤੇ ਮਦਦਗਾਰ ਸੇਵਾਵਾਂ ਸਬੰਧੀ ਖ਼ਰਚ
  - ਬਾਲ ਜਾਂ ਬਾਲਗ ਦੇਖਭਾਲ: ਇਹ ਦਰਸ਼ਾਉਂਦੇ ਹੋਏ ਰਸੀਦਾਂ ਜਾਂ ਬਿਲ ਦੇ ਬਿਓਰੇ ਕਿ ਤੁਸੀਂ ਬਾਲ ਜਾਂ ਬਾਲਗ ਦੇਖਭਾਲ ਲਈ ਭੁਗਤਾਨ ਕੀਤਾ ਸੀ ਜਾਂ ਤੁਹਾਨੂੰ ਉਸ ਲਈ ਬਿਲ ਕੀਤਾ ਗਿਆ ਸੀ
  - ਫ਼ਾਇਦਿਆਂ ਲਈ ਅਰਜ਼ੀ ਦੇਣ ਵਾਲਾ ਪਰਵਾਰ ਦਾ ਨਵਾਂ ਸਦੱਸ: ਜੇਕਰ ਪਰਵਾਰ 'ਚ ਕੋਈ ਵਿਅਕਤੀ ਸ਼ਾਮਲ ਹੁੰਦਾ ਹੈ ਅਤੇ ਫ਼ਾਇਦਿਆਂ ਲਈ ਅਰਜ਼ੀ ਦੇਣਾ ਚਾਹੁੰਦਾ ਹੈ, ਤਾਂ ਕਿਰਪਾ ਕਰਕੇ ਆਵਾਸ ਦੇ ਦਰਜੇ, ਆਮਦਨੀ, ਖ਼ਰਚੇਆਂ, ਸਮਾਜਕ ਸੁਰੱਖਿਆ ਨੰਬਰ, ਵਗੈਰਾ, ਦਾ ਸਬੂਤ ਭੇਜੋ।